*Victim Support (ਪੀੜਤ ਸਮਰਥਨ) ਵਿਖੇ ਅਸੀਂ ਹਾਲ ਵਿੱਚ ਹੀ UK ਵਿੱਚ ਵਾਪਰ ਰਹੀਆਂ ਹਿੰਸਾ ਅਤੇ ਨਫ਼ਰਤ ਭਰੀਆਂ ਘਟਨਾਵਾਂ ਨੂੰ ਦੇਖ ਕੇ ਡਰੇ ਹੋਏ ਹਾਂ। ਲੋਕਾਂ ਅਤੇ ਭਾਈਚਾਰਿਆਂ ਵਿੱਚ ਹੋ ਰਹੇ ਇਹ ਦੰਗੇ ਅਤੇ ਨਸਲਵਾਦੀ ਅਤੇ ਇਸਲਾਮੋਫੋਬਿਕ ਹਮਲੇ ਅਸਲ ਵਿੱਚ ਸਨਸਨੀਖੇਜ ਹਨ ਅਤੇ ਪੂਰੀ ਤਰ੍ਹਾਂ ਅਸਹਿਣਸ਼ੀਲ ਹਨ।*

*ਇਨ੍ਹਾਂ ਦਾ ਸਾਡੇ ਸਮਾਜ ਦੇ ਸਿਰਫ਼ ਉਨ੍ਹਾਂ ਲੋਕਾਂ ਉੱਤੇ ਹੀ ਅਸਰ ਨਹੀਂ ਪਿਆ ਹੈ ਜਿਨ੍ਹਾਂ ਨੂੰ ਸਰੀਰਕ ਰੂਪ ਵਿੱਚ ਨੁਕਸਾਨ ਪਹੁੰਚਾਇਆ ਗਿਆ ਹੈ। ਬਲਕਿ ਕੁੱਝ ਲੋਕਾਂ ਨੇ ਨਸਲਵਾਦੀ ਅਪਸ਼ਬਦਾਂ ਜਾਂ ਗਾਲ੍ਹਾਂ ਦਾ ਅਨੁਭਵ ਕੀਤਾ ਹੈ ਤੇ ਕੁੱਝ ਦੀ ਜਾਇਦਾਦ ਨੂੰ ਨਸ਼ਟ ਕਰ ਦਿੱਤਾ ਗਿਆ ਹੈ ਜਾਂ ਲੁੱਟ ਲਿਆ ਗਿਆ ਹੈ।*

*ਕਈ ਲੋਕਾਂ ਨੇ ਸਿੱਧੇ ਤੌਰ ‘ਤੇ ਸਰੀਰਕ ਜਾਂ ਮੌਖਿਕ ਦੁਰਵਿਹਾਰ ਦਾ ਅਨੁਭਵ ਨਹੀਂ ਕੀਤਾ, ਬਲਕਿ ਉਹ ਇਸ ਡਰ ਦੇ ਮਾਹੌਲ ਵਿੱਚ ਜੀ ਰਹੇ ਹਨ ਤੇ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਜਿਉਣ ਤੋਂ ਡਰ ਰਹੇ ਹਨ।*

*ਅਜਿਹਾ ਨਹੀਂ ਹੋਣਾ ਚਾਹੀਦਾ ਕਿ ਕੋਈ ਵੀ ਇਸ ਡਰ ਜਾਂ ਚਿੰਤਾ ਵਿੱਚ ਰਹੇ ਅਤੇ ਉਸਨੂੰ ਨਫ਼ਰਤ ਦੇ ਅਪਰਾਧ ਕਰਕੇ ਭਾਵਨਾਤਮਕ ਅਤੇ ਸਰੀਰਕ ਰੂਪ ਵਿੱਚ ਨੁਕਸਾਨ ਪਹੁੰਚਾਇਆ ਜਾਵੇ।*

*ਅਸੀਂ ਇਸ ਨਫ਼ਰਤ ਅਤੇ ਭੇਦਭਾਵ ਦੀ ਭਾਵਨਾ ਦੀ ਨਿੰਦਾ ਕਰਦੇ ਹਾਂ ਅਤੇ ਪੂਰੇ ਮਾਣ ਨਾਲ ਉਨ੍ਹਾਂ ਲੋਕਾਂ ਦੀ ਸਹਾਇਤਾ ਲਈ ਖੜ੍ਹੇ ਹਾਂ ਜਿਨ੍ਹਾਂ ਉੱਤੇ ਇਸਦਾ ਅਸਰ ਹੋਇਆ ਹੈ।*

**ਜੇਕਰ ਹਾਲ ਵਿੱਚ ਹੋਈਆਂ ਘਟਨਾਵਾਂ ਕਰਕੇ ਤੁਹਾਡੇ ਉੱਤੇ ਅਸਰ ਹੋਇਆ ਹੈ, ਤਾਂ ਤੁਸੀਂ ਦਿਨ ਜਾਂ ਰਾਤ ਨੂੰ ਕਿਸੇ ਵੀ ਸਮੇਂ ਬਿਨਾਂ ਕਿਸੇ ਫੀਸ ਦੇ ਸਾਡੀ ਸਮਰਥਨ ਟੀਮ ਨੂੰ 08 08 16 89 111**'ਤੇ ਕਾਲ ਕਰ ਸਕਦੇ ਹੋ। **ਜੇਕਰ ਤੁਸੀਂ ਆਪਣੀ ਤਰਜੀਹੀ ਭਾਸ਼ਾ ਬੋਲਣ ਵਿੱਚ ਸਹਿਜ ਮਹਿਸੂਸ ਕਰਦੇ ਹੋ ਤਾਂ ਅਸੀਂ ਅਨੁਵਾਦ ਦੀ ਸੇਵਾ ਵੀ ਪ੍ਰਦਾਨ ਕਰ ਸਕਦੇ ਹਾਂ।**